# ਪ੍ਰੈਸ ਨੋਟ

ਸ੍ਰ: ਹਰਜੀਤ ਸਿੰਘ IPS ਐਸ.ਐਸ.ਪੀ. ਬਰਨਾਲਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਮਿਤੀ 05/07/2018 ਦੀ ਰਾਤ ਨੂੰ ਬੱਸ ਸਟੈਂਡ ਦੇ ਨਜਦੀਕ ਸਰਾਬ ਦੇ ਠੇਕੇਦਾਰ ਹਿਮਾਸੂ ਦਾਨੀਆ ਪੁੱਤਰ ਸਵਤੰਤਰ ਦਾਨੀਆ ਵਾਸੀ ਬਰਨਾਲਾ ਨੂੰ ਮੋਟਰ ਸਾਈਕਲ ਸਵਾਰ ਦੋ ਨੌਜਵਾਨਾਂ ਵੱਲੋ ਗੋਲੀ ਮਾਰ ਕੇ ਉਸਦੀ ਹੱਤਿਆ ਕੀਤੀ ਗਈ ਸੀ ਅਤੇ  ਕਰੀਬ 05 ਲੱਖ ਰੁਪੈ ਦੀ ਲੁੱਟ ਹੋਈ ਸੀ ਜਿਸ ਦੀ ਤਫਤੀਸ ਦੇ ਸਬੰਧ ਵਿੱਚ ਸ੍ਰ: ਸੁਖਦੇਵ ਸਿੰਘ ਵਿਰਕ ਐਸ.ਪੀ. (ਇੰਨਵੈਸਟੀਗੇਸਨ) ਦੀ ਨਿਗਰਾਨੀ ਹੇਠ ਐਸ.ਆਈ.ਟੀ ਵੱਲੋ ਕੀਤੀ ਜਾ ਰਹੀ ਸੀ।ਥਾਣੇ ਬਲਜੀਤ ਸਿੰਘ ਇੰਚਾਰਜ ਸੀ.ਆਈ.ਏ. ਬਰਨਾਲਾ ਨੂੰ ਸੌਰਸ ਨੇ ਇਤਲਾਹ ਦਿੱਤੀ ਸੀ ਕਿ ਸੁਖਪਾਲ ਸਿੰਘ ਪੁੱਤਰ ਦਲ ਸਿੰਘ ਵਾਸੀ ਧਨੌਲਾ, ਕਰਮਜੀਤ ਉਰਫ ਕਰਮਾ ਪੁੱਤਰ ਹਰਬੰਸ ਸਿੰਘ ਵਾਸੀ ਜੈਦ ਪੱਤੀ ਧਨੌਲਾ ਨੇ ਇੱਕਠੇ ਹੋ ਕੇ ਇਹ ਵਾਰਦਾਤ ਕੀਤੀ ਹੈ।ਜੋ ਇਸ ਇਤਲਾਹ ਅਤੇ ਤਫਤੀਸ ਦੇ ਤੱਥਾਂ ਦੇ ਆਧਾਰ ਤੇ ਸੁਖਪਾਲ ਸਿੰਘ,ਕਰਮਜੀਤ ਉਰਫ ਕਰਮਾ ਵਾਸੀਆਨ ਧਨੌਲਾ ਨੂੰ ਨਾਮਜਦ ਕਰਕੇ ਮਿਤੀ 04/08/18 ਨੂੰ ਇੰਚਾਰਜ ਸੀ.ਆਈ.ਏ. ਬਰਨਾਲਾ ਨੇ ਸਮੇਤ ਪੁਲਿਸ ਪਾਰਟੀ ਦੇ ਮੁਕੱਦਮਾ ਵਿੱਚ ਗ੍ਰਿਫਤਾਰ ਕਰਕੇ ਇਹਨਾਂ ਦੀ ਨਿਸਾਨਦੇਹੀ ਤੇ ਵਾਰਦਾਤ ਸਮੇਂ ਵਰਤਿਆ ਅਸਲਾ 32 ਬੋਰ ਰਿਵਾਲਵਰ ਦੇਸੀ ਸਮੇਤ 03 ਜਿੰਦਾ ਕਾਰਤੂਸ ਤੇ 01 ਖੋਲ ਕਾਰਤੂਸ 32 ਬੋਰ, ਮੋਟਰ ਸਾਈਕਲ ਮਾਰਕਾ ਪਲਟੀਨਾ ਅਤੇ ਲੁੱਟ ਕੀਤੇ ਪੈਸਿਆ ਵਿੱਚੋ 03 ਲੱਖ 05 ਹਜਾਰ ਰੁਪਏ ਬ੍ਰਾਮਦ ਕਰਵਾਏ ਗਏ।ਦੌਰਾਨੇ ਪੁਲਿਸ ਰਿਮਾਂਡ ਦੋਸੀਆਨ ਉਕਤਾਨ ਪਾਸੋ ਡੂੰਘਾਈ ਨਾਲ ਪੁੱਛਗਿੱਛ ਕੀਤੀ ਗਈ ਜਿੰਨਾ ਨੇ ਦੌਰਾਨੇ ਪੁੱਛਗਿੱਛ ਦੱਸਿਆ ਕਿ ਮਿਤੀ 28-9-17 ਨੂੰ ਇਹਨਾ ਨੇ ਮੈਕਸ ਆਟੋ ਹੰਡਿਆਇਆ ਦੇ ਕਰਮਚਾਰੀ ਪਾਸੋ 2 ਲੱਖ 30 ਹਜਾਰ ਰੂਪੈ ਦੀ ਨਗਦੀ ਖੋਹ ਕੀਤੀ ਸੀ ਜਿਸ ਸੰਬੰਧੀ ਮ:ਨੰ: 123 ਮਿਤੀ 28-9-17 ਅ/ਧ 382,323,34 ਹਿੰ:ਦੰ: ਥਾਣਾ ਬਰਨਾਲਾ ਦਰਜ ਹੈ,ਦੋਸੀ ਸੁਖਪਾਲ ਸਿੰਘ ਨੇ ਮਿਤੀ 16-01-18 ਨੂੰ ਆਪਣੇ ਸਾਥੀ ਜੀਵਨ ਸਿੰਘ ਪੁੱਤਰ ਬਿੱਕਰ ਸਿੰਘ ਵਾਸੀ ਧਨੌ.ਲਾ ਨਾਲ ਰਲਕੇ ਬਿਜਲੀ ਗਰਿੱਡ ਧਨੌ.ਲਾ ਦੇ ਨੇੜੇ ਤੋ ਇੱਕ ਮੋਟਰਸਾਇਕਲ ਸਵਾਰ ਤੋ 44000 ਰੁਪੈ ਨਗਦੀ ਖੋਹ ਕੀਤੀ ਸੀ ਜਿਸ ਸੰਬੰਧੀ ਮ:ਨੰ:04 ਮਿਤੀ 16-01-2018 ਅ/ਧ 379 ਬੀ,34 ਹਿੰ:ਦੰ: ਥਾਣਾ ਧਨੌ.ਲਾ ਦਰਜ ਹੈ ਇਸਤੋ ਇਲਾਵਾ ਇਹਨਾ ਦੋਵਾ ਦੋਸੀਆ ਨੇ ਮਿਤੀ 28-03-2018 ਨੂੰ ਬੰਗੇਹਰ ਪੱਤੀ ਧਨੌਲਾ ਤੋ ਸਰਾਬ ਦੇ ਠੇਕੇਦਾਰਾ ਤੋ 2 ਲੱਖ 50 ਹਜਾਰ ਰੂਪੈ ਦੀ ਨਗਦੀ ਫਾਇਰ ਕਰਕੇ ਖੋਹੀ ਸੀ ਜਿਸ ਸੰਬੰਧੀ ਮ:ਨੰ: 34 ਮਿਤੀ 28-03-2018 ਅ/ਧ 307,392, 34 ਹਿੰ:ਦੰ, 25/54/59 ਅਸਲਾ ਐਕਟ ਥਾਣਾ ਧਨੌ.ਲਾ ਦਰਜ ਹੈ।ਦੌਰਾਨੇ ਤਫਤੀਸ ਅਹਿਮ ਖੁਲਾਸੇ ਹੋਣ ਦੀ ਸੰਭਵਾਨਾ ਹੈ।